pstcl
PUNJAB STATE TRANSMISSION CORPORATION LIMITED
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ:ਦਫ਼ਤਰ:ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫ਼ਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
ਟੈਲੀਫੂਨ ਨੰ:- 0175-2970693 ਈ-ਮੇਲ:se-admin@pstcl.org ਵੈਬਸਾਇਟ: pstcl.org

ਵੱਲ

ਸਮੂਹ ਮੁੱਖ ਇੰਜੀਨੀਅਰ/ ਮੁੱਖ ਵਿੱਤ ਅਫਸਰ/ ਮੁੱਖ ਲੇਖਾ ਅਫਸਰ/ ਕੰਪਨੀ ਸਕੱਤਰ
ਅਤੇ ਵਿਭਾਗਾਂ ਦੇ ਮੁੱਖੀ, ਪੀ.ਐਸ.ਟੀ.ਸੀ.ਐਲ.।

ਮੀਮੋ ਨੰ. 13330/41 /LWO-32 ਮਿਤੀ 23/9/21

ਵਿਸ਼ਾ: ਮੁਲਾਜ਼ਮ ਅਤੇ ਪੈਨਸ਼ਨਰਜ਼ ਦੀਆਂ ਸਾਂਝੀਆਂ ਮੰਗਾਂ ਸਬੰਧੀ ਸੰਘਰਸ਼ ਦਾ ਨੋਟਿਸ - ਵਲੋਂ ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ, ਪੰਜਾਬ ਸਟੇਟ ਪਾਵਰ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਸਟੇਟ ਕਮੇਟੀ)।

ਹਵਾਲਾ:- ਸਕੱਤਰ, ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਸਟੇਟ ਪਾਵਰ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਸਟੇਟ ਕਮੇਟੀ) ਵਲੋਂ ਭੇਜਿਆ ਗਿਆ ਪੱਤਰ ਨੰ. 336/337 ਮਿਤੀ 06.09.2021, ਜਿਹੜਾ ਕਿ ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ. ਨੂੰ ਸੰਬੋਧਿਤ ਹੈ (ਕਾਪੀ ਨੱਥੀ)।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਦਰਸਾਏ ਜੱਥੇਬੰਦੀ ਦੇ ਪੱਤਰ ਦੀ ਕਾਪੀ ਆਪ ਜੀ ਦੇ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਜੱਥੇਬੰਦੀ ਵਲੋਂ ਹੇਠ ਲਿਖੇ ਅਨੁਸਾਰ ਸੰਘਰਸ਼ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ:-

1) ***6 ਸਤੰਬਰ 2021 ਤੋਂ 10 ਸਤੰਬਰ 2021 ਤਕ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਨਾਲ ਮਿਲ ਕੇ ਰੋਸ ਹਫਤਾ ਮਨਾਇਆ ਜਾਵੇਗਾ।***
2) ***ਪੰਜਾਬ ਯੂਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਦਿਤੇ ਸਦੇ ਅਨੁਸਾਰ ਮਿਤੀ 11 ਸਤੰਬਰ 2021 ਨੂੰ ਸੈਕਟਰ 25 ਚੰਡੀਗੜ੍ਹ ਵਿਖੇ ਮਹਾਂ ਰੈਲੀ ਵਿਚ ਪਾਵਰਕਾਮ ਦੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਵਲੋਂ ਸਮੂਲੀਅਤ ਕੀਤੀ ਜਾਵੇਗੀ ਅਤੇ ਮਾਰਚ ਕੀਤਾ ਜਾਵੇਗਾ।***
3) ***13 ਸਤੰਬਰ ਤੋਂ 24 ਸਤੰਬਰ 2021 ਤਕ ਨੂੰ ਪੰਜਾਬ ਦੇ ਸਮੂਹ ਮੰਡਲ ਦਫਤਰਾਂ ਅਗੇ ਰੈਲੀਆਂ ਅਤੇ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ।***
4) ***13 ਸਤੰਬਰ ਤੋਂ 29 ਸਤੰਬਰ 2021 ਤਕ ਪਾਵਰਕਾਮ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਦੇ ਕਰਮਚਾਰੀ ਵਰਕ ਟੂ ਰੂਲ ਦੇ ਸਿਧਾਂਤ ਤੇ ਕੰਮ ਕਰਨਗੇ।***
5) ***13 ਸਤੰਬਰ ਤੋਂ 29 ਸਤੰਬਰ 2021 ਤਕ ਕਾਰਪੋਰੇਸ਼ਨ ਦੇ ਸੀ.ਐਮ.ਡੀਜ਼ ਅਤੇ ਡਾਇਰੈਕਟਰਜ਼ ਦਾ ਫੀਲਡ ਵਿਚ ਆਣ ਤੇ ਕਾਲੇ ਝੰਡਿਆਂ ਨਾਲ ਰੋਸ ਵਿਖਾਵਾ ਕੀਤਾ ਜਾਵੇਗਾ।***
6) ***29 ਸਤੰਬਰ 2021 (ਬੁੱਧਵਾਰ) ਨੂੰ ਪਟਿਆਲਾ ਵਿਖੇ ਕਾਰਪੋਰੇਸ਼ਨਜ਼ ਦੇ ਮੁੱਖ ਦਫਤਰ ਦੇ ਗੇਟਾਂ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।***

ਉਪਰੋਕਤ ਦੇ ਮੱਦੇਨਜਰ, ਇਸ ਦਫਤਰ ਵਲੋਂ ਵਿਸ਼ਾ ਚਰਚਿਤ ਮਾਮਲਾ ਉੱਚ ਅਧਿਕਾਰੀਆਂ ਦੇ ਸਨਮੁੱਖ ਵਿਚਾਰਨ ਹਿਤ ਪੇਸ਼ ਕੀਤਾ ਗਿਆ ਸੀ। ਇਸ ਦੇ ਸਬੰਧ ਵਿੱਚ ਆਪ ਜੀ ਦੇ ਦਫਤਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਰਸਾਏ ਸੰਘਰਸ਼ ਪ੍ਰੋਗਰਾਮ ਦੌਰਾਨ ਪੀ.ਐਸ.ਟੀ.ਸੀ.ਐਲ. ਦੇ ਦਫਤਰਾਂ ਦਾ ਨਿਰਵਿਘਨ ਕੰਮ-ਕਾਜ ਯਕੀਨੀ ਬਣਾਇਆ ਜਾਵੇ ਜੀ।

ਨੱਥੀ/ ਉਪਰੋਕਤ ਅਨੁਸਾਰ

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ., ਪਟਿਆਲਾ

ਸੀ.ਸੀ.

1. ਸੀਨੀ: ਪੀ.ਐਸ. ਟੂ ਮਾਨਯੋਗ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਐਫ ਐਂਡ ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
5. ਮੁੱਖ ਇੰਜੀਨੀਅਰ/ ਐਚ.ਆਈ.ਐਸ. ਤੇ ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।

Scanned with CamScanner

# ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ

## ਪੰਜਾਬ ਸਟੇਟ ਪਾਵਰ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

## (ਸਟੇਟ ਕਮੇਟੀ)


ਮੁੱਖ ਦਫ਼ਤਰ : 277/8, ਪੁਰਾਣਾ ਬਿਸ਼ਨ ਨਗਰ, ਪਟਿਆਲਾ – 147 001

ਕਨਵੀਨਰ
ਕੁਲਦੀਪ ਸਿੰਘ ਖੰਨਾ
81959-21757

ਕਨਵੀਨਰ
ਅਵਿਨਾਸ਼ ਚੰਦਰ ਸ਼ਰਮਾ
94637-56272
98157-83096

ਕਨਵੀਨਰ
ਬਲਦੇਵ ਸਿੰਘ ਮੰਢਾਲੀ
98774-70990
96461-73400

ਕਨਵੀਨਰ
ਪ੍ਰਮੋਦ ਕੁਮਾਰ
96460-59648

ਸਕੱਤਰ
ਧਨਵੰਤ ਸਿੰਘ ਭੱਠਲ
96460-02708
62808-92402
dabhathal20@gmail.com


ਪੱਤਰ ਨੰ. 336/37 ਮਿਤੀ 6-9-2021

ਵਲ

1. ਚੈਅਰਮੈਨ ਕਮ ਮੈਨੇਜਿੰਗ ਡਾਇਰੈਕਟਰ,
ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ,
ਪਟਿਆਲਾ।

2. ਚੈਅਰਮੈਨ ਕਮ ਮੈਨੇਜਿੰਗ ਡਾਇਰੈਕਟਰ,
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ,
ਪਟਿਆਲਾ।

ਵਿਸ਼ਾ: ਮੁਲਾਜ਼ਮ ਅਤੇ ਪੈਨਸ਼ਨਰਜ਼ ਦੀਆਂ ਸਾਂਝੀਆਂ ਮੰਗਾਂ ਸਬੰਧੀ ਸੰਘਰਸ਼ ਦਾ ਨੋਟਿਸ।

ਹਵਾਲਾ: ਜਥੇਬੰਦੀ ਦਾ ਪੱਤਰ ਨੰ. 271/72 ਮਿਤੀ 26.5.2021 ਅਤੇ 291/92 ਮਿਤੀ 16.6.2021 ਅਤੇ ਪੱਤਰ ਨੰ. 317/18 ਮਿਤੀ 1.7.2021 ਦੀ ਲਗਾਤਾਰਤਾ ਵਿਚ।

ਉਪਰੋਕਤ ਵਿਸ਼ੇ ਸਬੰਧੀ ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ, ਪੰਜਾਬ ਸਟੇਟ ਪਾਵਰ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵਲੋਂ ਆਪ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਮੁਲਾਜ਼ਮ ਅਤੇ ਪੈਨਸ਼ਨਰਜ਼ ਦੀਆਂ ਸਾਂਝੀਆਂ ਮੰਗਾਂ ਬਾਰੇ ਪੱਤਰ ਨੰ.51.52 ਮਿਤੀ 21.9.2020 ਨਾਲ ਮੰਗ ਪੱਤਰ ਭੇਜਿਆ ਗਿਆ ਸੀ। ਜਥੇਬੰਦੀ ਵਲੋਂ ਮੰਗ ਪੱਤਰ ਭੇਜਦੇ ਹੋਏ ਪਾਵਰਕਾਮ ਮਨੈਜਮੈਂਟ ਪਾਸ ਮਾਮਲੇ ਉਠਾਏ ਗਏ ਹਨ ਅਤੇ ਸਮੇਂ ਸਮੇਂ ਸਿਰ ਸੰਘਰਸ਼ ਸਬੰਧੀ ਜਾਣਕਾਰੀ ਦਿਤੀ ਗਈ ਜਾਂਦੀ ਰਹੀ ਹੈ, ਜਿਸ ਤੇ ਪ੍ਰਸਾਸ਼ਨ ਵਲੋਂ 20 ਨਵੰਬਰ 2020, 29 ਦਸੰਬਰ 2020 ਅਤੇ 19 ਫਰਵਰੀ 2021 ਨੂੰ ਦਿਤੀਆਂ ਮੀਟਿੰਗਾਂ ਵਿਚ ਕਿਸੇ ਵੀ ਮੰਗ ਨੂੰ ਨਹੀਂ ਮੰਨਿਆ ਗਿਆ ਸਿਰਫ ਮੰਗਾਂ ਮੰਨਣ ਦਾ ਭਰੋਸਾ ਹੀ ਦਿਤਾ ਗਿਆ।3 ਮਾਰਚ 2021 ਨੂੰ ਪਟਿਆਲਾ ਵਿਖੇ ਵਿਸ਼ਾਲ ਰੋਸ ਧਰਨਾ ਦੇ ਕੇ ਮੋਤੀ ਮਹਿਲਾਂ ਵਲ ਮਾਰਚ ਵੀ ਕੀਤਾ ਗਿਆ ਸੀ, ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਪੰਜਾਬ ਸਰਕਾਰ ਨਾਲ ਮੀਟਿੰਗ ਕਰਵਾ ਕੇ ਮਸਲੇ ਹਲ ਕਰਨ ਦਾ ਵਿਸ਼ਵਾਸ਼ ਦੁਆਇਆ ਗਿਆ ਸੀ, ਪ੍ਰੰਤੂ ਅੱਜ ਤਕ ਨਾਂ ਪਾਵਰਕਾਮ ਪੱਧਰ ਤੇ ਅਤੇ ਨਾ ਹੀ ਸਰਕਾਰੀ ਪੱਧਰ ਤੇ ਤਾਲਮੇਲ ਸੰਘਰਸ਼ ਕਮੇਟੀ ਨੂੰ ਕੋਈ ਮੀਟਿੰਗ ਦਿਤੀ ਗਈ ਹੈ ਜਿਸ ਕਰਕੇ ਪਾਵਰਕਾਮ ਤੇ ਟਰਾਂਸਕੋ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਵਿਚ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਵਲੋਂ ਸ੍ਰੀ ਅਨੁਰੁੱਧ ਤਿਵਾੜੀ ਆਈ.ਏ.ਐਸ ਦੀ ਅਗਵਾਈ ਵਿਚ ਬਣਾਈ ਤਿੰਨ ਮੈਂਬਰੀ ਕਮੇਟੀ ਨੂੰ ਜਥੇਬੰਦੀ ਵਲੋਂ ਪੱਤਰ ਨੰ.329/31 ਮਿਤੀ 8.7.2021 ਅਤੇ ਪੱਤਰ ਨੰ. 332/24 ਮਿਤੀ 21.7.2021 ਲਿਖਣ ਦੇ ਬਾਵਜੂਦ ਵੀਪੰਜਾਬ ਦੇ ਸਮੁੱਚੇ ਮੁਲਾਜ਼ਮ ਤੇ ਪੈਨਸ਼ਨਰਜ਼ ਦੀ ਅਗਵਾਈ ਕਰਦੀ ਇਸ ਸੰਘਰਸ਼ ਕਮੇਟੀ ਨੂੰ ਮੀਟਿੰਗ ਨਹੀਂ ਦਿਤੀ ਗਈ।ਇਸ ਲਈ ਮੁਲਾਜ਼ਮ ਅਤੇ ਪੈਨਸ਼ਨਰਜ਼

ਚਾਲੂ ਪੰਨਾ 2

ਦੀਆਂ ਸਾਝੀਆਂ ਮੰਗਾਂ ਮਨਵਾਉਣ ਲਈ ਸੰਘਰਸ਼ ਤੋਂ ਬਿਨਾਂ ਕੋਈ ਰਸਤਾ ਨਹੀਂ ਬਚਿਆ। ਸੰਘਰਸ਼ ਕਮੇਟੀ ਵਲੋਂ ਕੀਤੇ ਫੈਸਲੇ ਅਨੁਸਾਰ ਹੇਠ ਲਿਖੇ ਅਨੁਸਾਰ ਅਗਲੇ ਸੰਘਰਸ਼ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਮੰਗ ਪੱਤਰ ਦੀ ਕਾਪੀ ਮੁੜ ਜਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ।

## ਸੰਘਰਸ਼ ਦਾ ਪ੍ਰੋਗਰਾਮ

1. 6 ਸਤੰਬਰ 2021 ਤੋਂ 10 ਸਤੰਬਰ 2021 ਤਕ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਨਾਲ ਮਿਲ ਕੇ ਰੋਸ ਹਫਤਾ ਮਨਾਇਆ ਜਾਵੇਗਾ।
2. ਪੰਜਾਬ ਯੂ.ਟੀ.ਮੁਲਾਜ਼ਮ ਤੇ ਪੈਨਸ਼ਨਰਜ਼ ਸਾਝਾ ਫਰੰਟ ਵਲੋਂ ਦਿਤੇ ਸਦੇ ਅਨੁਸਾਰ ਮਿਤੀ 11 ਸਤੰਬਰ 2021 ਨੂੰ ਸੈਕਟਰ 25 ਚੰਡੀਗੜ੍ਹ ਵਿਖੇ ਮਹਾਂ ਰੈਲੀ ਵਿਚ ਪਾਵਰਕਾਮ ਦੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਵਲੋਂ ਸਮੂਲੀਅਤ ਕੀਤੀ ਜਾਵੇਗੀ ਅਤੇ ਮਾਰਚ ਕੀਤਾ ਜਾਵੇਗਾ।
3. 13 ਸਤੰਬਰ ਤੋਂ 24 ਸਤੰਬਰ 2021 ਤਕ ਨੂੰ ਪੰਜਾਬ ਦੇ ਸਮੂਹ ਮੰਡਲ ਦਫਤਰਾਂ ਅਗੇ ਰੈਲੀਆਂ ਅਤੇ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ।
4. 13 ਸਤੰਬਰ ਤੋਂ 29 ਸਤੰਬਰ 2021 ਤਕ ਤਕ ਪਾਵਰਕਾਮ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਦੇ ਕਰਮਚਾਰੀ ਵਰਕ ਟੂ ਰੂਲ ਦੇ ਸਿਧਾਂਤ ਤੇ ਕੰਮ ਕਰਨਗੇ।
5. 13 ਸਤੰਬਰ ਤੋਂ 29 ਸਤੰਬਰ 2021 ਤਕ ਕਾਰਪੋਰੇਸ਼ਨਜ਼ ਦੇ ਸੀ.ਐਮ.ਡੀਜ਼ ਅਤੇ ਡਾਇਰੈਕਟਰਜ਼ ਦਾ ਫੀਲਡ ਵਿਚ ਆਣ ਤੇ ਕਾਲੇ ਝੰਡਿਆਂ ਨਾਲ ਰੋਸ ਵਿਖਾਵਾ ਕੀਤਾ ਜਾਵੇਗਾ।

**6. 29 ਸਤੰਬਰ 2021 (ਬੁੱਧਵਾਰ) ਨੂੰ ਪਟਿਆਲਾ ਵਿਖੇ ਕਾਰਪੋਰੇਸ਼ਨਜ਼ ਦੇ ਮੁੱਖ ਦਫਤਰ ਦੇ ਗੇਟਾਂ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।**

ਨੋਟ: 28 ਅਤੇ 29 ਸਤੰਬਰ 2021 ਨੂੰ ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ ਪਾਵਰਕਾਮ ਮਨੈਜਮੈਂਟ/ਪੰਜਾਬ ਸਰਕਾਰ ਨਾਲ ਮੀਟਿੰਗ ਕਰਨ ਤੋਂ ਅਸਮਰਥ ਹੋਵੇਗੀ।

ਪਾਵਰਕਾਮ ਮਨੈਜਮੈਂਟ ਅਤੇ ਪੰਜਾਬ ਸਰਕਾਰ ਵਲੋਂ ਜੇਕਰ ਮੁਲਾਜ਼ਮ ਅਤੇ ਪੈਨਸ਼ਨਰਜ਼ ਦੀਆਂ ਸਾਂਝੀਆਂ ਮੰਗਾਂ ਨਾਂ ਮੰਨੀਆਂ ਗਈਆਂ ਤਾਂ ਪੰਜਾਬ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਵਲੋਂ ਘੋਲ ਨੂੰ ਹੋਰ ਤਿੱਖਾ ਅਤੇ ਪ੍ਰਚੰਡ ਕੀਤਾ ਜਾਵੇਗਾ ਜਿਸ ਦੀ ਸਾਰੀ ਜ਼ਿਮੇਵਾਰੀ ਪਾਵਰਕਾਮ ਮਨੈਜਮੈਂਟ/ਪੰਜਾਬ ਸਰਕਾਰ ਦੀ ਹੋਵੇਗੀ।

ਨੱਥੀ:ਇਕ

ਸਕੱਤਰ
ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ ਪੰਜਾਬ।

ਚਾਲੂ ਪੰਨਾ 3

Scanned with CamScanner

ਪੱਤਰ ਨੰ. 338/43 ਮਿਤੀ 6 ਸਤੰਬਰ 2021

ਉਤਾਰਾ ਪੱਤਰ ਨੰ.319/23 ਮਿਤੀ 1 ਜੁਲਾਈ 2021 ਦੀ ਲਗਾਤਾਰਤਾ ਵਿਚ ਦੀ ਹੇਠ ਲਿਖੇ ਅਨੁਸਾਰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਬਿਜਲੀ ਮੰਤਰੀ, ਪੰਜਾਬ ਸਰਕਾਰ,ਚੰਡੀਗੜ੍ਹ।
2. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3. ਵਧੀਕ ਮੁੱਖ ਸਕੱਤਰ/ਪਾਵਰ, ਪੰਜਾਬ ਸਰਕਾਰ ਚੰਡੀਗੜ੍ਹ।
4. ਸ੍ਰੀ ਅਨੁਰੁੱਧ ਤਿਵਾੜੀ ;ਆਈ.ਏ.ਐਸ, ਵਧੀਕ ਮੁੱਖ ਸਕੱਤਰ/ਵਿਕਾਸ,ਪੰਜਾਬ ਸਰਕਾਰ ਚੰਡੀਗੜ੍ਹ।
5. ਕਿਰਤ ਕਮਿਸ਼ਨਰ,ਪੰਜਾਬ ਸਰਕਾਰ,ਚੰਡੀਗੜ੍ਹ।
6. ਡਾਇਰੈਕਟਰ/ਪੈਨਸ਼ਨ ਅਤੇ ਪੈਨਸ਼ਨਰਜ਼ ਭਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

Sd/-

ਸਕੱਤਰ

ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ ਪੰਜਾਬ।

ਪੱਤਰ ਨੰ: 344/48 ਮਿਤੀ 6 ਸਤੰਬਰ 2021

ਉਤਾਰਾ ਪੱਤਰ ਨੰ. 324/28 ਮਿਤੀ 1 ਜੁਲਾਈ 2021 ਦੀ ਲਗਾਤਾਰਤਾ ਵਿਚ ਨਿਮਨ ਅਨੁਸਾਰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਡਾਇਰੈਕਟਰ/ਪ੍ਰਬੰਧਕੀ,ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ।
2. ਡਾਇਰੈਕਟਰ/ਪ੍ਰਬੰਧਕੀ, ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਪਟਿਆਲਾ।
3. ਡਿਪਟੀ ਕਮਿਸ਼ਨਰ,ਜਿਲ੍ਹਾ ਪਟਿਆਲਾ।
4. ਸੀਨੀਅਰ ਸੁਪਰਡੰਟ ਆਫ ਪੁਲਿਸ ਜਿਲ੍ਹਾ ਪਟਿਆਲਾ।
5. ਉਪ ਸਕੱਤਰ/ਆਈ.ਆਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ,ਪਟਿਆਲਾ।

Sd/-

ਸਕੱਤਰ

ਮੁਲਾਜ਼ਮ ਅਤੇ ਪੈਨਸ਼ਨਰਜ਼ ਤਾਲਮੇਲ ਸੰਘਰਸ਼ ਕਮੇਟੀ ਪੰਜਾਬ।

Scanned with CamScanner